**ਸਿੱਖ ਪੰਥ ਲਈ ਸੋਚਣ ਦੀ ਘੜੀ !**

ਬੜੇ ਚਿਰ ਤੋਂ ਮੈਂ ਉਡੀਕ ਰਿਹਾ ਸੀ ਕਿ ਕੋਈ ਸਿੱਖ ਸੰਸਥਾ ਭਾਰਤ ਸਰਕਾਰ ਵੱਲੋਂ ਵੱਖ-ਵੱਖ ਧਰਮਾਂ ਬਾਰੇ ਛਪਿਆ ਅਾਂਕੜਾ ਪੜ੍ਹੇਗੀ ਤੇ ਫਿਕਰ ਵਿੱਚ ਪਵੇਗੀ। ਕਮਾਲ ਹੈ ਸਾਡੀ ਸੋਚ ਸ਼ਕਤੀ ਦਾ ਕਿ ਅਸੀਂ ਕੇਵਲ ਹਰ ਸਮੇਂ ਕੋਈ ਝਗੜੇ ਵਾਲੀ ਸਕੀਮ ਦੀ ਭਾਲ ਵਿੱਚ ਰਹਿੰਦੇ ਹਾਂ ਕਿ ਕਿਵੇਂ ਕਿਧਰੇ ਸਰਕਾਰ ਵਿਰੁੱਧ, ਕਿਸੇ ਲੀਡਰ ਵਿਰੁੱਧ, ਕਿਸੇ ਸੰਸਥਾ ਵਿਰੁੱਧ ਕੁਝ ਲੱਭ ਜਾਏ ਤੇ ਬਿਆਨਬਾਜ਼ੀ ਆਰੰਭ ਕਰੀਏ। ਉਂਜ ਵੀ ਸਾਡਾ ਵਧੇਰੇ ਧਿਆਨ ਆਪਣੀਆਂ ਰਵਾਇਤੀ ਧਾਰਮਿਕ ਪਰੰਪਰਾਵਾਂ ਨਿਭਾਉਣ ਜਾਂ ਆਪਣੇ ਕਾਰੋਬਾਰਾਂ ਵੱਲ ਰਹਿੰਦਾ ਹੈ। ਸਾਨੂੰ ਪਤਾ ਹੀ ਨਹੀਂ ਕਿ ਅੱਜ ਕੌਮ ਕਿੱਥੇ ਪਹੁੰਚ ਗਈ ਹੈ ? ਸਾਡਾ ਅਸਲ ਮਸਲਾ ਕੀ ਹੈ ? ਮਜ਼ਬੂਰ ਹੋ ਕੇ ਅੱਜ ਮੈਂ ਇਹ ਲੇਖ ਲਿਖ ਰਿਹਾ ਹਾਂ ਕਿ ਖ਼ਤਰੇ ਦੀ ਘੰਟੀ ਵੱਜ ਚੁੱਕੀ ਹੈ, ਅਸੀਂ ਸੁਣੀ ਹੀ ਨਹੀਂ ਅਤੇ ਨਾ ਹੀ ਕਿਸੇ ਤੋਂ ਸਮਝਣ ਲਈ ਤਿਆਰ ਹਾਂ। 26 ਅਗਸਤ ਨੂੰ ਭਾਰਤ ਸਰਕਾਰ ਨੇ ਹਰ ਹਿੰਦੂ, ਮੁਸਲਮਾਨ, ਸਿੱਖ ਅਤੇ ਈਸਾਈਆਂ ਦੀ ਜਨ-ਗਣਨਾ ਦੇ ਆਧਾਰ ’ਤੇ ਅੰਕੜੇ ਪ੍ਰਕਾਸ਼ਿਤ ਕੀਤੇ ਹਨ। ਹਰ 10 ਸਾਲ ਪਿੱਛੋਂ ਜਨ-ਗਣਨਾ ਹੁੰਦੀ ਹੈ, ਇਸ ਵਾਰ ਸਾਲ 2011 ਵਿੱਚ ਹੋਈ ਸੀ। ਇਸ ਅਨੁਸਾਰ ਵੱਖ-ਵੱਖ ਧਰਮਾਂ ਨੇ ਪਿਛਲੇ 10 ਸਾਲ ਵਿੱਚ ਆਪਣੀ ਆਬਾਦੀ ਵਿੱਚ ਇਸ ਪ੍ਰਕਾਰ ਵਾਧਾ ਕੀਤਾ ਹੈ-ਹਿੰਦੂ 18.8 ਫ਼ੀਸਦੀ, ਮੁਸਲਮਾਨ 24.6 ਫ਼ੀਸਦੀ, ਈਸਾਈ 15.5 ਫ਼ੀਸਦੀ ਅਤੇ ਸਿੱਖ ਕੇਵਲ 8.4 ਫ਼ੀਸਦੀ, ਇਹ ਹੈ ਸਾਡੀ ਕਮਾਈ। ਮੈਂ ਇਹ ਪ੍ਰਚਾਰ ਨਹੀਂ ਕਰਦਾ ਕਿ ਹਰ ਸਿੱਖ ਦੇ ਵਧੇਰੇ ਬੱਚੇ ਹੋਣ, ਪਰ ਇਹ ਸਮਝਣ ਦੀ ਲੋੜ ਹੈ ਕਿ ਬਾਕੀ ਧਰਮਾਂ ਦੇ ਵਾਧੇ ਸਾਡੇ ਤੋਂ ਕਈ ਗੁਣਾਂ ਵੱਧ ਹਨ। ਇਹ ਗੰਭੀਰ ਸਮੱਸਿਆ ਵਿਚਾਰ ਮੰਗਦੀ ਹੈ। ਪੰਜਾਬ ਵਿੱਚ ਹਿੰਦੂਆਂ ਦਾ ਵਾਧਾ 20 ਫ਼ੀਸਦੀ ਤੋਂ ਵੱਧ ਹੈ। ਮੁਸਲਮਾਨ 40 ਫ਼ੀਸਦੀ ਵਧੇ ਹਨ। ਈਸਾਈ 19 ਫ਼ੀਸਦੀ ਤੇ ਸਿੱਖ ਕੇਵਲ 9 ਫ਼ੀਸਦੀ। ਪੰਜਾਬ ਦੇ ਦੋਆਬਾ ਵਿੱਚ ਸਿੱਖ ਘੱਟ ਗਿਣਤੀ ਵਿਚ ਰਹਿ ਗਏ ਹਨ। ਪਹਿਲਾਂ ਪੰਜਾਬ ਵੰਡ ਕੇ ਹਰਿਆਣਾ ਤੇ ਹਿਮਾਚਲ ਵੱਖਰੇ ਸੂਬੇ ਬਣਾ ਦਿੱਤੇ ਤੇ ਹੁਣ ਜੋ ਰਹਿ ਗਿਆ ਹੈ, ਉਸ ਦੀ ਫ਼ਿਕਰ ਕਰਨੀ ਪਵੇਗੀ।

ਹਰਿਆਣਾ, ਰਾਜਸਥਾਨ, ਹਿਮਾਚਲ ਵਿੱਚ ਵੀ ਸਿੱਖ ਆਬਾਦੀ ਦਾ ਇਹੋ ਹਾਲ ਹੈ। ਮੈਂ ਆਪਣੇ ਤਜਰਬੇ ਤੋਂ ਲਿਖ ਸਕਦਾ ਹਾਂ ਕਿ ਸਭ ਤੋਂ ਵੱਧ ਸਿੱਖ ਕੌਮ ਦਾ ਨੁਕਸਾਨ ਇਨ੍ਹਾਂ ਸੂਬਿਆਂ ਵਿੱਚ ਹੋਇਆ ਹੈ। ਮੈਂ ਇਸ ਬਾਰੇ ਤੱਥਾਂ ਦੇ ਆਧਾਰ ’ਤੇ ਇਕ ਲੇਖ ਪ੍ਰਕਾਸ਼ਿਤ ਕਰਵਾ ਚੁੱਕਾ ਹਾਂ।

ਸਾਰੇ ਅੰਕੜੇ ਘੋਖੇ ਜਾਣ ਤਾਂ ਹੈਰਾਨਗੀ ਹੋਵੇਗੀ। ਦਿੱਲੀ ਰਾਜ ਵਿੱਚ ਸਿੱਖ ਕੇਵਲ 2 ਫ਼ੀਸਦੀ ਵਧੇ ਹਨ, ਮੁਸਲਮਾਨ 33 ਫ਼ੀਸਦੀ ਅਤੇ ਹਿੰਦੂ 21 ਫ਼ੀਸਦੀ। ਦਿੱਲੀ ਵਿੱਚ ਸਿੱਖਾਂ ਦੀ ਆਬਾਦੀ 11 ਲੱਖ ਹੁੰਦੀ ਸੀ, ਹੁਣ 5 ਲੱਖ 70 ਹਜ਼ਾਰ ਹੈ, ਇਹ 5 ਲੱਖ ਸਿੱਖ ਕਿੱਥੇ ਗਏ ? ਅੰਗਰੇਜ਼ੀ ਵਿੱਚ ਛਪਦੇ ਪੱਤਰ ‘ਸਿੱਖ ਰੀਵੀਉ’ ਵਿੱਚ ਸ੍ਰ: ਸਰਨ ਸਿੰਘ ਨੇ ਲਿਖਿਆ ਹੈ ਕਿ ਸਿੱਖ ਧਰਮ ਇਸ ਵੇਲੇ ਬੜੀ ਦੁਬਿਧਾ ਵਿੱਚ ਪੈ ਚੁੱਕਾ ਹੈ, ਪਤਿਤ ਲਹਿਰ ਪੂਰੇ ਜ਼ੋਰ ਨਾਲ ਚੱਲਣ ਨਾਲ ਬਿਨਾਂ ਪਗੜੀ ਦੇ ਸਿੱਖਾਂ ਦੀ ਗਿਣਤੀ ਵੱਧ ਰਹੀ ਹੈ, ਇਸ ਨਾਲ ਸਿੱਖ ਪਛਾਣ ਬਦਲ ਗਈ ਹੈ। ਵਿਦੇਸ਼ਾਂ ਵਿੱਚ ਬੈਠੇ ਤੇ ਭਾਰਤ ਵਿੱਚ ਵੀ ਕਈ ਗਰਮ-ਖਿਆਲੀ ਵੱਡੇ ਨਾਅਰੇ ਲਗਾ ਰਹੇ ਹਨ। ਪਰ ਜਦ ਕੌਮ ਆਪਣੀ ਪਛਾਣ ਗਵਾ ਚੁੱਕੀ ਹੈ ਤਾਂ ਫਿਰ ਕਿਸ ਉਦੇਸ਼ ਦੀ ਪੂਰਤੀ ਦੀ ਗੱਲ ਕਰ ਰਹੇ ਹਾਂ। ਇਹ ਲੇਖ ਟੁੰਬਦਾ ਹੈ, ਪਰ ਵਿਚਾਰ ਕੌਣ ਕਰੇ।

ਇਕ ਪਾਸੇ ਅਸੀਂ ਸਹਿਜਧਾਰੀ ਸਿੱਖ ਨੂੰ ਦੂਰ ਕਰ ਰਹੇ ਹਾਂ। ਕਈ ਸਾਡੇ ਅੰਗ ਜਿਵੇਂ-ਸਿੱਧੀ ਸੰਗਤ ਸਾਡੇ ਨਾਲ ਨਹੀਂ ਹੈ। ਹੋਰ ਵੀ ਵੱਡੇ-ਵੱਡੇ ਗਰੁੱਪ ਨਹੀਂ ਹਨ। ਅਸੀਂ ਸਹਿਜਧਾਰੀ, ਸਿੱਧੀ ਤੇ ਗੁਰੂ ਨਾਨਕ ਨਾਮ ਲੇਵਾ ਸੰਗਤ ਨੂੰ ਅਪਣਾਉਣ ਤੋਂ ਇਨਕਾਰੀ ਹਾਂ। ਉਸ ਦਾ ਨਤੀਜਾ ਸਾਡੇ ਸਾਹਮਣੇ ਹੈ। ਜਦ ਕੋਈ ਜਨ-ਗਣਨਾ ਵਾਲਾ ਗਿਣਤੀ ਕਰਨ ਆਉਂਦਾ ਹੈ, ਉਹ ਹਰ ਬਿਨਾਂ ਪਗੜੀ ਵਾਲੇ ਨੂੰ ਗੈਰ-ਸਿੱਖ ਲਿਖ ਦਿੰਦਾ ਹੈ। ਜਦ ਵੱਖਰੀ ਪਛਾਣ ਹੀ ਨਹੀਂ ਰਹੀ ਤਾਂ ਫਿਰ ਕਿਸ ਨੂੰ ਦੋਸ਼ ਦੇਵਾਂਗੇ ?

ਸਿੱਖ ਸਮਾਜ ਵਿੱਚ ਦਲਿਤ ਭਰਾਵਾਂ ਦਾ ਵੱਡਾ ਰੋਲ ਰਿਹਾ ਹੈ। ਕੁਰਬਾਨੀਆਂ ਵੀ ਇਨ੍ਹਾਂ ਦੀਆਂ ਅਣਗਿਣਤ ਹਨ। ਭਾਈ ਜੈਤਾ ਜੀ ਗੁਰੂ ਤੇਗ ਬਹਾਦਰ ਜੀ ਦਾ ਸੀਸ ਚੁੱਕ ਕੇ ਲਿਆਏ ਸੀ। ਚਮਕੌਰ ਦੀ ਗੜ੍ਹੀ ਛੱਡਣ ਸਮੇਂ ਗੁਰੂ ਗੋਬਿੰਦ ਸਿੰਘ ਜੀ ਨੇ ਭਾਈ ਸੰਗਤ ਸਿੰਘ ਨੂੰ ਹੀ ਆਪਣੀ ਕਲਗੀ ਪਹਿਨਾਈ ਸੀ, ਪਰ ਕੁਝ ਸਾਲਾਂ ਤੋਂ ਇਹ ਸਮਾਜ ਸਿੱਖ ਪੰਥ ਤੋਂ ਦੂਰ ਜਾ ਰਿਹਾ ਹੈ।

ਇਸ ਸਮਾਜ ਵੱਲੋਂ ਵੱਖਰੇ ਗੁਰਦੁਆਰੇ ਬਣਾ ਲਏ ਗਏ ਹਨ। ਇਸ ਦੇ ਫਲਸਰੂਪ ਦੋਆਬਾ ਵਿੱਚ ਹੁਸ਼ਿਆਰਪੁਰ, ਨਵਾਂਸ਼ਹਿਰ, ਜਲੰਧਰ ਵਿੱਚ ਸਾਡੀ ਗਿਣਤੀ ਘੱਟ ਹੋ ਰਹੀ ਹੈ। ਇਸ ਜਨ-ਗਣਨਾ ਵਿੱਚ ਸਿੱਖ ਘੱਟ-ਗਿਣਤੀ ਵਿੱਚ ਰਹਿ ਗਏ ਹਨ।

ਇਸ ਬਾਰੇ ਕੋਈ ਸੋਚ ਹੀ ਨਹੀਂ ਰਿਹਾ। ਹਰ ਥਾਂ ਅਸੀਂ ਸ਼ਿਕਲੀਗਰ ਤੇ ਵਣਜਾਰੇ ਕਬੀਲੇ ਆਪਣੇ ਗਿਣਦੇ ਹਾਂ, ਬੜੀਆਂ ਸੰਸਥਾਵਾਂ ਇਨ੍ਹਾਂ ਦੀ ਸੇਵਾ ਵਿੱਚ ਲੱਗੀਆਂ ਹੋਈਆਂ ਹਨ, ਪਰ ਉਨ੍ਹਾਂ ਨੇ ਇਸ ਜਨ-ਗਣਨਾ ਵਿਚ ਆਪਣੇ-ਆਪ ਨੂੰ ਸਿੱਖ ਦਰਜ ਨਹੀਂ ਕਰਵਾਇਆ। ਜਨ-ਗਣਨਾ ਸਮੇਂ ਕਿਸੇ ਸਿੱਖ ਸੰਸਥਾ ਨੇ ਇਹ ਸੇਵਾ ਨਹੀਂ ਲਈ ਕਿ ਇਨ੍ਹਾਂ ਨੂੰ ਪਰੇਰੇ ਕਿ ਉਹ ਆਪਣੇ-ਆਪ ਨੂੰ ਸਿੱਖ ਦਰਜ ਕਰਵਾਉਣ। ਉਂਜ ਤਾਂ ਜਨ-ਗਣਨਾ ਜੋ ਹਰ 10 ਸਾਲ ਪਿੱਛੋਂ ਆਉਂਦੀ ਹੈ, ਇਸ ਵਾਰ 2011 ਵਿੱਚ ਹੋਈ ਸੀ। ਇਹ ਸਾਡੀਆਂ ਜਥੇਬੰਦੀਆਂ ਇਸ ਸਬੰਧੀ ਆਗਾਮੀ ਤੌਰ ’ਤੇ ਵਿਚਾਰ ਨਹੀਂ ਕਰਦੀਆਂ। ਅਸੀਂ ਅਵੇਸਲੇ ਹੀ ਰਹਿੰਦੇ ਹਾਂ। ਇਹ ਸਾਰੇ ਤੱਥ ਬੜੇ ਅਚੰਭੇ ਵਾਲੇ ਹਨ। ਅੱਜ ਸਾਰਾ ਸੰਸਾਰ ਗਿਣਤੀ ਮਿਣਤੀ ’ਤੇ ਖੜ੍ਹਾ ਹੈ। ਹਰ ਧਰਮ ਆਪਣੀ ਗਿਣਤੀ ਵਧਾਉਣ ਦੀ ਵਿਉਂਤ ਬਣਾਉਂਦਾ ਹੈ। ਹਿੰਦੂ ਸੰਸਥਾਵਾਂ ਘਰ ਵਾਪਸੀ ਪ੍ਰੋਗਰਾਮ ਕਰ ਰਹੀਆਂ ਹਨ। ਮੁੜ ਹਿੰਦੂ ਬਣਾਉਣ ਲਈ ਪੂਰਾ ਟਿੱਲ ਲੱਗ ਰਿਹਾ ਹੈ। ਪਰ ਸਾਡੇ ਲੀਡਰਾਂ ਕੋਲ ਤਾਂ ਸਮਾਂ ਹੀ ਨਹੀਂ ਕਿ ਇਸ ਪਾਸੇ ਸੋਚ ਸਕਣ। ਸਾਡੇ ਘਰ ਵਿੱਚ ਵੀ ਸੰਨ੍ਹ ਲੱਗ ਚੁੱਕੀ ਹੈ ਪਰ ਅਸੀਂ ਅਵੇਸਲੇ ਹਾਂ। ਸਾਨੂੰ ਤਾਂ ਨਿੱਤ ਨਵਾਂ ਨਾਅਰਾ ਤੇ ਕੋਈ ਭਰਾ-ਮਾਰੂ ਜੰਗ ਚਾਹੀਦੀ ਹੈ। ਲੱਭਦੇ ਹਾਂ ਕਿ ਕਿੱਥੇ ਹੱਥ ਪਾਈਏ। ਕੌਮੀ ਸੰਸਥਾਵਾਂ ਦਾ ਵਕਾਰ ਅਸੀਂ ਆਪ ਗਵਾ ਚੁੱਕੇ ਹਾਂ। ਪਰ ਕੋਈ ਵੱਡਾ ਬਿਆਨ ਦੇ ਕੇ ਆਪਣੇ-ਆਪ ਨੂੰ ਕੌਮ-ਹਿਤੈਸ਼ੀ ਦਰਸਾਉਣ ਵਿੱਚ ਲੱਗਾ ਹੋਇਆ ਹੈ। ਕੌਮ ਦੀ ਜੋ ਦਿਸ਼ਾ ਹੈ, ਕੌਣ ਸੋਚੇਗਾ। ਖ਼ਤਰਾ ਵੱਧ ਕੇ ਅੱਗੇ ਨਿਕਲ ਰਿਹਾ ਹੈ। ਅਸੀਂ ਪਿੱਛੇ ਰਹਿ ਜਾਵਾਂਗੇ, ਵਕਤ ਸੰਭਾਲੋ। ਗੁਰੂ ਦੇ ਲੜ ਲੱਗ ਕੇ ਜੁੜ ਬੈਠ ਕੇ ਵਿਚਾਰ ਕਰਨ ਦੀ ਆਦਤ ਬਣਾਉ। ਇਹ ਜ਼ਰੂਰੀ ਨਹੀਂ ਕਿ ਸਿੱਖ ਵਧੇਰੇ ਬੱਚੇ ਪੈਦਾ ਕਰਕੇ ਹੀ ਪੰਥ ਨੂੰ ਵਧਾ ਸਕਦੇ ਹਨ, ਸਿੱਖ ਸਿਧਾਂਤਾਂ ਦਾ ਪ੍ਰਚਾਰ ਪ੍ਰਸਾਰ ਕਰਕੇ ਅਤੇ ਸਿੱਖੀ ਸਿਧਾਂਤਾਂ ਦੇ ਧਾਰਨੀ ਬਣ ਕੇ ਅਸੀਂ ਖ਼ਾਲਸਾ ਪੰਥ ਦਾ ਘੇਰਾ ਕਿਤੇ ਜ਼ਿਆਦਾ ਵਧਾ ਸਕਦੇ ਹਾਂ। ਸਮੁੱਚੀ ਲੀਡਰਸ਼ਿਪ ਇਸ ’ਤੇ ਵਿਚਾਰ ਕਰੇ, ਮੇਰੀ ਬੇਨਤੀ ਹੈ।

-ਸਾਬਕਾ ਐੱਮ.ਪੀ.